12 Beds, 7 Baths For 24 Guests 905-965-4644
ਦੰਦਾਂ ਦੀ ਦੇਖਭਾਲ 905-450-5600
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
ਸਸਤੀਆਂ ਹਵਾਈ ਟਿਕਟਾਂ 905-595-1700
ਬੈੱਡ ਬਗਜ਼ (ਖਟਮਲ) ਖ਼ਤਮ 647-688-3944
12 Beds, 7 Baths For 24 Guests 905-965-4644
ਬੈੱਡ ਬਗਜ਼ (ਖਟਮਲ) ਖ਼ਤਮ 647-688-3944
ਮਰਦਾਨਾ ਕਮਜ਼ੋਰੀ 416-992-5489

US-ਇਰਾਨ ਜੰਗ ਨਾਲ ਦੁਨੀਆਂ ਭਰ 'ਚ ਮਚੇਗੀ ਹਾਹਾਕਾਰ, ਵੱਸੋਂ ਬਾਹਰ ਹੋ ਜਾਣਗੀਆਂ ਪੈਟਰੋਲ ਦੀਆਂ ਕੀਮਤਾਂ !

ਨਿਊ ਯੌਰਕ: ਪੱਛਮੀ ਏਸ਼ੀਆ 'ਚ ਵਧਦੇ ਤਨਾਅ ਨੇ ਪੂਰੀ ਦੁਨੀਆਂ ਦੀ ਚਿੰਤਾ ਵਧਾ ਦਿੱਤੀ ਹੈ। ਰੱਖਿਆ ਅਤੇ ਆਰਥਿਕ ਮਾਹਿਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਅਮਰੀਕਾ ਅਤੇ ਈਰਾਨ ਵਿਚਾਲੇ ਸਿੱਧੀ ਜੰਗ ਛਿੜਦੀ ਹੈ ਤਾਂ ਇਸ ਦਾ ਅਸਰ ਸਿਰਫ਼ ਮਿਡਲ ਈਸਟ ਤਕ ਸੀਮਿਤ ਨਹੀਂ ਰਹੇਗਾ ਸਗੋਂ ਇਹ ਪੂਰੀ ਦੁਨੀਆਂ ਦੀ ਆਰਥਿਕਤਾ ਨੂੰ ਗੋਡਿਆਂ ਭਾਰ ਲਿਆ ਸਕਦਾ ਹੈ।

ਜੇਕਰ ਜੰਗ ਸ਼ੁਰੂ ਹੁੰਦੀ ਹੈ ਤਾਂ ਬ੍ਰੈਂਟ ਕਰੂਡ ਔਇਲ ਦੀਆਂ ਕੀਮਤਾਂ 100 ਡਾਲਰ ਤੋਂ 150 ਡਾਲਰ ਪ੍ਰਤੀ ਬੈਰਲ ਤਕ ਜਾ ਸਕਦੀਆਂ ਹਨ। ਮਾਹਿਰਾਂ ਮੁਤਾਬਿਕ ਈਰਾਨ ਦੁਨੀਆਂ ਦੇ ਸਭ ਤੋਂ ਮਹੱਤਵਪੂਰਣ ਤੇਲ ਮਾਰਗ ਹੋਰਮੁਜ਼ ਦੀ ਖਾੜੀ ਨੂੰ ਬੰਦ ਕਰ ਸਕਦਾ ਹੈ। ਦੁਨੀਆਂ ਦਾ ਲਗਭਗ 20% ਕੱਚਾ ਤੇਲ ਇਸੇ ਰਸਤੇ ਰਾਹੀਂ ਸਪਲਾਈ ਹੁੰਦਾ ਹੈ। ਜੇਕਰ ਇਹ ਰਸਤਾ ਰੁਕਦਾ ਹੈ ਤਾਂ ਤੇਲ ਦੀਆਂ ਕੀਮਤਾਂ 'ਚ ਅਚਾਨਕ ਭਾਰੀ ਉਛਾਲ ਆਵੇਗਾ ਜਿਸ ਨਾਲ ਭਾਰਤ ਵਰਗੇ ਦੇਸ਼ਾਂ 'ਚ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਕੰਟਰੋਲ ਤੋਂ ਬਾਹਰ ਹੋ ਜਾਣਗੀਆਂ। ਭਾਰਤ ਆਪਣੀ ਲੋੜ ਦਾ ਲਗਭਗ 85% ਕੱਚਾ ਤੇਲ ਵਿਦੇਸ਼ਾਂ ਤੋਂ ਮੰਗਵਾਉਂਦਾ ਹੈ।

ਜੰਗ ਦੀ ਸੂਰਤ 'ਚ ਨਾ ਸਿਰਫ਼ ਤੇਲ ਸਗੋਂ ਸਮੁੰਦਰੀ ਰਸਤੇ ਰਾਹੀਂ ਹੋਣ ਵਾਲਾ ਵਪਾਰ ਵੀ ਠੱਪ ਹੋ ਜਾਵੇਗਾ। ਇਸ ਨਾਲ ਸਪਲਾਈ ਚੇਨ ਪ੍ਰਭਾਵਿਤ ਹੋਵੇਗੀ, ਅਤੇ ਮਹਿੰਗਾਈ ਦਾ ਇੱਕ ਨਵਾਂ ਦੌਰ ਸ਼ੁਰੂ ਹੋ ਸਕਦਾ ਹੈ। ਸ਼ੇਅਰ ਬਾਜ਼ਾਰਾਂ 'ਚ ਵੱਡੀ ਗਿਰਾਵਟ ਦੇ ਖ਼ਦਸ਼ੇ ਕਾਰਨ ਨਿਵੇਸ਼ਕਾਂ 'ਚ ਪਹਿਲਾਂ ਹੀ ਡਰ ਦਾ ਮਾਹੌਲ ਹੈ।

ਤਾਜ਼ਾ ਰਿਪੋਰਟਾਂ ਅਨੁਸਾਰ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਈਰਾਨ ਨੂੰ ਸਖ਼ਤ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਅਮਰੀਕੀ ਫ਼ੌਜੀ ਜਹਾਜ਼ਾਂ ਦਾ ਇੱਕ ਵੱਡਾ ਬੇੜਾ ਈਰਾਨ ਵੱਲ ਵੱਧ ਰਿਹਾ ਹੈ। ਟਰੰਪ ਨੇ ਸਪੱਸ਼ਟ ਕੀਤਾ ਹੈ ਕਿ ਜੇਕਰ ਈਰਾਨ ਨੇ ਆਪਣੇ ਪ੍ਰਦਰਸ਼ਨਕਾਰੀਆਂ 'ਤੇ ਤਸ਼ੱਦਦ ਨਾ ਰੋਕਿਆ ਜਾਂ ਪ੍ਰਮਾਣੂ ਪ੍ਰੋਗਰਾਮ 'ਤੇ ਲਗਾਮ ਨਾ ਲਗਾਈ ਤਾਂ ਅਮਰੀਕਾ ਸਖ਼ਤ ਕਾਰਵਾਈ ਤੋਂ ਗ਼ੁਰੇਜ਼ ਨਹੀਂ ਕਰੇਗਾ।

ਦੂਜੇ ਪਾਸੇ ਈਰਾਨ ਨੇ ਵੀ ਜਵਾਬੀ ਹਮਲੇ ਦੀ ਤਿਆਰੀ ਕਰ ਲਈ ਹੈ। ਈਰਾਨੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਅਮਰੀਕਾ ਵਲੋਂ ਕੀਤੀ ਗਈ ਕਿਸੇ ਵੀ ਲਿਮਟਿਡ ਕਾਰਵਾਈ ਨੂੰ ਵੀ ਪੂਰਣ ਜੰਗ ਮੰਨਿਆ ਜਾਵੇਗਾ ਅਤੇ ਖੇਤਰ 'ਚ ਮੌਜੂਦ ਅਮਰੀਕੀ ਫ਼ੌਜੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਜਾਵੇਗਾ।

ਗੌਤਮ ਅਡਾਨੀ ਨੂੰ ਸਿੱਧਾ ਸੰਮਨ ਭੇਜਣ ਲਈ US Regulator ਨੇ ਅਦਾਲਤ ਤੋਂ ਮੰਗੀ ਇਜਾਜ਼ਤ

ਵਾਸ਼ਿੰਗਟਨ: ਅਮਰੀਕੀ ਬਾਜ਼ਾਰ ਰੈਗੂਲੇਟਰ ਸੈਕਿਓਰਟੀਜ਼ ਐਂਡ ਐਕਸਚੇਂਜ ਕਮਿਸ਼ਨ (SEC) ਨੇ ਭਾਰਤੀ ਅਰਬਪਤੀ ਗੌਤਮ ਅਡਾਨੀ ਅਤੇ ਉਨ੍ਹਾਂ ਦੇ ਭਤੀਜੇ ਸਾਗਰ ਅਡਾਨੀ ਨੂੰ ਸੰਮਨ ਭੇਜਣ ਲਈ ਭਾਰਤ ਸਰਕਾਰ ਨੂੰ ਬਾਈਪਾਸ ਕਰਨ ਦੀ ਇਜਾਜ਼ਤ ਮੰਗੀ ਹੈ। SEC ਨੇ ਨਿਊ ਯੌਰਕ ਦੀ ਇੱਕ ਅਦਾਲਤ 'ਚ ਅਰਜ਼ੀ ਦਾਇਰ ਕਰ ਕੇ ਬੇਨਤੀ ਕੀਤੀ ਹੈ ਕਿ ਉਨ੍ਹਾਂ ਨੂੰ ਅਡਾਨੀ ਗਰੁੱਪ ਦੇ ਇਨ੍ਹਾਂ ਦੋਵਾਂ ਅਧਿਕਾਰੀਆਂ ਨੂੰ ਨਿੱਜੀ ਤੌਰ 'ਤੇ ਈ-ਮੇਲ ਰਾਹੀਂ ਸੰਮਨ ਭੇਜਣ ਦੀ ਇਜਾਜ਼ਤ ਦਿੱਤੀ ਜਾਵੇ।

ਇਹ ਮਾਮਲਾ 265 ਮਿਲੀਅਨ ਡਾਲਰ ਦੀ ਰਿਸ਼ਵਤਖੋਰੀ ਅਤੇ ਧੋਖਾਧੜੀ ਦੀ ਸਕੀਮ ਨਾਲ ਜੁੜਿਆ ਹੋਇਆ ਹੈ। SEC ਪਿਛਲੇ ਸਾਲ ਤੋਂ ਹੀ ਗੌਤਮ ਅਡਾਨੀ ਅਤੇ ਸਾਗਰ ਅਡਾਨੀ ਨੂੰ ਸੰਮਨ ਭੇਜਣ ਦੀ ਕੋਸ਼ਿਸ਼ ਕਰ ਰਿਹਾ ਹੈ। SEC ਦਾ ਕਹਿਣਾ ਹੈ ਕਿ ਭਾਰਤ ਨੇ ਪਹਿਲਾਂ ਵੀ ਉਨ੍ਹਾਂ ਦੀਆਂ ਦੋ ਬੇਨਤੀਆਂ ਨੂੰ ਰੱਦ ਕਰ ਦਿੱਤਾ ਸੀ ਜਿਸ ਕਾਰਨ ਹੁਣ ਉਹ ਸਿੱਧਾ ਰਸਤਾ ਅਪਣਾਉਣਾ ਚਾਹੁੰਦੇ ਹਨ।

ਭਾਰਤ ਦੇ ਕਾਨੂੰਨ ਮੰਤਰਾਲੇ ਨੇ ਪਹਿਲਾਂ ਪ੍ਰਕਿਰਿਆਵਾਂ ਅਤੇ ਦਸਤਖ਼ਤਾਂ ਵਰਗੀਆਂ ਤਕਨੀਕੀ ਕਮੀਆਂ ਦਾ ਹਵਾਲਾ ਦੇ ਕੇ ਸੰਮਨ ਭੇਜਣ ਦੀ ਬੇਨਤੀ ਨੂੰ ਦੋ ਵਾਰ ਰੱਦ ਕਰ ਦਿੱਤਾ ਸੀ। ਭਾਰਤ ਸਰਕਾਰ ਨੇ ਇਸ ਮੁੱਦੇ ਨੂੰ ਨਿੱਜੀ ਫ਼ਰਮਾਂ ਅਤੇ ਅਮਰੀਕਾ ਵਿਚਕਾਰ ਇੱਕ ਕਾਨੂੰਨੀ ਮੁੱਦਾ ਦੱਸਿਆ ਹੈ। ਦੂਜੇ ਪਾਸੇ SEC ਦਾ ਕਹਿਣਾ ਹੈ ਕਿ ਅੰਤਰਰਾਸ਼ਟਰੀ ਸੰਧੀਆਂ ਦੇ ਤਹਿਤ ਵਿਅਕਤੀਆਂ ਨੂੰ ਭੇਜੇ ਜਾਣ ਵਾਲੇ ਸੰਮਨਾਂ ਲਈ ਅਜਿਹੀਆਂ ਰਸਮਾਂ ਦੀ ਲੋੜ ਨਹੀਂ ਹੁੰਦੀ।ਅਡਾਨੀ ਗਰੁੱਪ ਨੇ ਇਨ੍ਹਾਂ ਸਾਰੇ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦਿੱਤਾ ਹੈ। ਗਰੁੱਪ ਦਾ ਕਹਿਣਾ ਹੈ ਕਿ ਉਹ ਆਪਣਾ ਬਚਾਅ ਕਰਨ ਲਈ ਸਾਰੇ ਸੰਭਵ ਕਾਨੂੰਨੀ ਰਸਤੇ ਅਪਣਾਏਗਾ। ਫ਼ਿਲਹਾਲ ਅਡਾਨੀ ਗਰੁੱਪ ਨੇ SEC ਵਲੋਂ ਦਾਇਰ ਕੀਤੀ ਤਾਜ਼ਾ ਅਰਜ਼ੀ 'ਤੇ ਕੋਈ ਤੁਰੰਤ ਟਿੱਪਣੀ ਨਹੀਂ ਕੀਤੀ।

ਚੀਨ ਨੇ ਭਾਰਤੀਆਂ ਦੇ 40 ਫ਼ੀਸਦੀ ਵੀਜ਼ੇ ਕੀਤੇ ਰੱਦ

ਬੀਜਿੰਗ: ਅਮਰੀਕਾ, ਇੰਗਲੈਂਡ ਤੇ ਕੈਨੇਡਾ ਵਲੋਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਤਹਿਤ ਭਾਰਤੀ ਨਾਗਰਿਕ ਹੁਣ ਹੋਰ ਦੇਸ਼ਾਂ ਵੱਲ ਰੁਖ਼ ਕਰ ਰਹੇ ਹਨ। ਇਸ ਦੌਰਾਨ ਭਾਰਤੀ ਨਾਗਰਿਕਾਂ ਨੇ ਆਸਟ੍ਰੇਲੀਆ, ਚੀਨ ਅਤੇ ਸਿੰਗਾਪੁਰ ਵਰਗੇ ਦੇਸ਼ਾਂ 'ਚ ਜਾਣ ਵੱਲ ਰੁਚੀ ਦਿਖਾਈ ਹੈ, ਪਰ ਹੁਣ ਚੀਨ ਨੇ ਵੀ ਸਖ਼ਤੀ ਕਰਨੀ ਸ਼ੁਰੂ ਕਰ ਦਿੱਤੀ ਹੈ ਜਿਸ ਮਗਰੋਂ ਭਾਰਤੀ ਨਾਗਰਿਕਾਂ ਨੂੰ ਕਰਾਰਾ ਝਟਕਾ ਲੱਗਾ ਹੈ।

ਚੀਨ ਜਾਣ ਦੀ ਇੱਛਾ ਰੱਖਣ ਵਾਲੇ ਭਾਰਤੀ ਸੈਲਾਨੀਆਂ ਨੂੰ ਹੁਣ ਵੀਜ਼ਾ ਪ੍ਰਕਿਰਿਆ 'ਚ ਵੱਡੀਆਂ ਰੁਕਾਵਟਾਂ ਅਤੇ ਲੰਬੀ ਉਡੀਕ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੂਤਰਾਂ ਅਨੁਸਾਰ ਦਸੰਬਰ ਮਹੀਨੇ ਤੋਂ ਵੀਜ਼ਾ ਰੱਦ ਹੋਣ ਦੀ ਦਰ ਲਗਭਗ 40 ਫ਼ੀਸਦੀ ਤਕ ਪਹੁੰਚ ਗਈ ਹੈ। ਪਿਛਲੇ ਸਾਲ ਦਸੰਬਰ 'ਚ ਲਾਗੂ ਕੀਤੇ ਗਏ ਨਵੇਂ ਨਿਯਮਾਂ ਅਨੁਸਾਰ, ਬਿਨੈਕਾਰਾਂ ਨੂੰ ਹੁਣ ਪਹਿਲਾਂ ਸਾਰੇ ਦਸਤਾਵੇਜ਼ ਔਨਲਾਈਨ ਜਮ੍ਹਾਂ ਕਰਵਾਉਣੇ ਪੈਂਦੇ ਹਨ, ਅਤੇ ਦੂਤਾਵਾਸ ਜਾਂ ਕੌਂਸਲੇਟ ਤੋਂ ਮੁੱਢਲੀ ਪ੍ਰਵਾਨਗੀ ਲੈਣੀ ਪੈਂਦੀ ਹੈ। ਇਸ ਪ੍ਰਕਿਰਿਆ ਦੇ ਪੂਰਾ ਹੋਣ ਤੋਂ ਬਾਅਦ ਹੀ ਬਿਨੈਕਾਰ ਨੂੰ ਕੇਂਦਰ 'ਚ ਜਾ ਕੇ ਸ਼ਰੀਰਕ ਤੌਰ 'ਤੇ ਦਸਤਾਵੇਜ਼ ਜਮ੍ਹਾਂ ਕਰਵਾਉਣ ਦੀ ਇਜਾਜ਼ਤ ਮਿਲਦੀ ਹੈ।ਦੱਸਿਆ ਜਾ ਰਿਹਾ ਹੈ ਕਿ ਬਿਨੈਕਾਰਾਂ ਦੇ ਵਿੱਤੀ ਦਸਤਾਵੇਜ਼ਾਂ ਦੀ ਜਾਂਚ ਹੁਣ ਪਹਿਲਾਂ ਨਾਲੋਂ ਜ਼ਿਆਦਾ ਸਖ਼ਤੀ ਨਾਲ ਕੀਤੀ ਜਾ ਰਹੀ ਹੈ। ਨਵੇਂ ਨਿਯਮਾਂ ਮੁਤਾਬਿਕ ਬਿਨੈਕਾਰ ਦੇ ਖਾਤੇ 'ਚ ਪਿਛਲੇ ਤਿੰਨ ਮਹੀਨਿਆਂ ਤੋਂ ਲਗਾਤਾਰ ਘੱਟੋ-ਘੱਟ ਇੱਕ ਲੱਖ ਰੁਪਏ ਦਾ ਬੈਲੇਂਸ ਹੋਣਾ ਲਾਜ਼ਮੀ ਹੈ। ਵੀਜ਼ਾ ਸਬੰਧੀ ਇਨ੍ਹਾਂ ਸਖ਼ਤੀਆਂ ਦੇ ਬਾਵਜੂਦ ਭਾਰਤੀਆਂ 'ਚ ਚੀਨ ਜਾਣ ਦੀ ਮੰਗ ਵੱਧ ਰਹੀ ਹੈ। ਇੰਡੀਗੋ, ਏਅਰ ਇੰਡੀਆ ਅਤੇ ਚਾਈਨਾ ਈਸਟਰਨ ਵਰਗੀਆਂ ਉਡਾਣਾਂ ਦੀ ਉਪਲਬੱਧਤਾ ਅਤੇ ਹੋਟਲਾਂ ਦੀਆਂ ਆਕਰਸ਼ਕ ਦਰਾਂ ਕਾਰਨ ਸੈਲਾਨੀ ਉਤਸ਼ਾਹਿਤ ਹਨ।

ਭਾਰਤੀ ਸੈਲਾਨੀ ਹੁਣ ਬੀਜਿੰਗ ਅਤੇ ਸ਼ੰਘਾਈ ਵਰਗੇ ਰਿਵਾਇਤੀ ਸ਼ਹਿਰਾਂ ਤੋਂ ਇਲਾਵਾ ਚੇਂਗਦੂ, ਚੋਂਗਕਿੰਗ ਅਤੇ ਜ਼ੈਂਗਜੀਆਜੀ ਵਰਗੇ ਨਵੇਂ ਸਥਾਨਾਂ 'ਚ ਵੀ ਦਿਲਚਸਪੀ ਦਿਖਾ ਰਹੇ ਹਨ। ਯਾਤਰਾ ਮਾਹਿਰਾਂ ਦਾ ਕਹਿਣਾ ਹੈ ਕਿ ਲਗਭਗ ਪੰਜ ਸਾਲਾਂ ਬਾਅਦ ਉਡਾਣਾਂ ਅਤੇ ਸੈਰ-ਸਪਾਟਾ ਪੂਰੀ ਤਰ੍ਹਾਂ ਬਹਾਲ ਹੋ ਰਿਹਾ ਹੈ ਜਿਸ ਕਾਰਨ ਬਿਨੈਕਾਰਾਂ ਦੀ ਗਿਣਤੀ ਵਧੀ ਹੈ ਅਤੇ ਨਵੇਂ ਨਿਯਮਾਂ ਕਾਰਨ ਪਵਾਨਗੀ ਮਿਲਣ 'ਚ ਦੇਰੀ ਹੋ ਰਹੀ ਹੈ।

ਭਾਰਤੀ ਨੇ ਪਤਨੀ ਸਣੇ ਚਾਰ ਰਿਸ਼ਤੇਦਾਰਾਂ ਨੂੰ ਗੋਲੀਆਂ ਨਾਲ ਭੁੰਨਿਆ

ਐਟਲਾਂਟਾ: ਅਮਰੀਕਾ ਦੇ ਜਾਰਜੀਆ ਸੂਬੇ ਦੇ ਗਵਿਨੇਟ ਕਾਊਂਟੀ ਇਲਾਕੇ 'ਚ ਇੱਕ ਦਿਲ ਕੰਬਾਊ ਘਟਨਾ ਸਾਹਮਣੇ ਆਈ ਹੈ ਜਿੱਥੇ ਪਰਿਵਾਰਕ ਵਿਵਾਦ ਦੇ ਚਲਦਿਆਂ ਇੱਕ ਭਾਰਤੀ ਮੂਲ ਦੇ ਵਿਅਕਤੀ ਨੇ ਆਪਣੀ ਪਤਨੀ ਸਮੇਤ ਚਾਰ ਲੋਕਾਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਮਾਰੇ ਗਏ ਸਾਰੇ ਚਾਰੋਂ ਵਿਅਕਤੀ ਭਾਰਤੀ ਮੂਲ ਦੇ ਸਨ। ਪੁਲੀਸ ਨੇ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਸ ਖ਼ੂਨੀ ਵਾਰਦਾਤ ਤੋਂ ਬਾਅਦ ਪੂਰੇ ਇਲਾਕੇ 'ਚ ਸੋਗ ਦੀ ਲਹਿਰ ਹੈ।

ਇਹ ਖ਼ੂਨੀ ਵਾਰਦਾਤ ਸ਼ੁੱਕਰਵਾਰ ਤੜਕੇ ਕਰੀਬ 2:30 ਵਜੇ ਲੌਰੈਂਸਵਿਲ ਸਥਿਤ ਬਰੂਕ ਆਈਵੀ ਕੋਰਟ (Brook Ivy Court) ਦੇ ਇੱਕ ਘਰ 'ਚ ਵਾਪਰੀ। ਜਿਸ ਵੇਲੇ ਗੋਲੀਬਾਰੀ ਹੋ ਰਹੀ ਸੀ, ਉਸ ਸਮੇਂ ਘਰ ਦੇ ਅੰਦਰ ਤਿੰਨ ਬੱਚੇ ਵੀ ਮੌਜੂਦ ਸਨ। ਬੱਚਿਆਂ ਨੇ ਬੇਹੱਦ ਸਮਝਦਾਰੀ ਦਿਖਾਉਂਦੇ ਹੋਏ ਇੱਕ ਅਲਮਾਰੀ 'ਚ ਲੁਕ ਕੇ ਆਪਣੀਆਂ ਜਾਨਾਂ ਬਚਾਈਆਂ। ਉਨ੍ਹਾਂ 'ਚੋਂ ਇੱਕ ਬੱਚੇ ਨੇ 911 'ਤੇ ਕਾਲ ਕਰ ਕੇ ਪੁਲੀਸ ਨੂੰ ਸੂਚਨਾ ਦਿੱਤੀ ਜਿਸ ਕਾਰਨ ਅਧਿਕਾਰੀ ਕੁੱਝ ਹੀ ਮਿੰਟਾਂ 'ਚ ਮੌਕੇ 'ਤੇ ਪਹੁੰਚ ਗਏ।

ਪੁਲੀਸ ਦੇ ਪਹੁੰਚਣ ਸਮੇਂ ਦੋਸ਼ੀ ਦੀ ਗੱਡੀ ਅਜੇ ਵੀ ਉੱਥੇ ਹੀ ਖੜ੍ਹੀ ਸੀ। ਪੁਲੀਸ ਨੇ ਤੁਰੰਤ K-9 ਯੂਨਿਟ ਦੀ ਮਦਦ ਨਾਲ ਸਰਚ ਔਪਰੇਸ਼ਨ ਚਲਾਇਆ ਅਤੇ ਇੱਕ ਖੋਜੀ ਕੁੱਤੇ ਨੇ ਦੋਸ਼ੀ ਨੂੰ ਨੇੜਲੇ ਜੰਗਲੀ ਇਲਾਕੇ 'ਚੋਂ ਲੱਭ ਲਿਆ ਜਿਸ ਤੋਂ ਬਾਅਦ ਉਸ ਨੂੰ ਹਿਰਾਸਤ 'ਚ ਲੈ ਲਿਆ ਗਿਆ। ਪੁਲੀਸ ਨੇ ਦੋਸ਼ੀ ਦੀ ਪਛਾਣ 51 ਸਾਲਾ ਵਿਜੇ ਕੁਮਾਰ ਵਜੋਂ ਕੀਤੀ ਹੈ। ਉਸ 'ਤੇ ਕਤਲ ਅਤੇ ਬੱਚਿਆਂ ਨਾਲ ਬੇਰਹਿਮੀ ਕਰਨ ਸਮੇਤ ਕਈ ਗੰਭੀਰ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

ਮ੍ਰਿਤਕਾਂ 'ਚ ਦੋਸ਼ੀ ਵਿਜੇ ਕੁਮਾਰ ਦੀ ਪਤਨੀ ਮੀਮੂ ਡੋਗਰਾ (43), ਗੌਰਵ ਕੁਮਾਰ (33), ਨਿਧੀ ਚੰਦਰ (37) ਅਤੇ ਹਰੀਸ਼ ਚੰਦਰ (38) ਸ਼ਾਮਿਲ ਹਨ। ਜਾਂਚ ਅਨੁਸਾਰ ਵਿਜੇ ਅਤੇ ਉਸ ਦੀ ਪਤਨੀ ਵਿਚਕਾਰ ਪਹਿਲਾਂ ਐਟਲਾਂਟਾ ਸਥਿਤ ਉਨ੍ਹਾਂ ਦੇ ਘਰ 'ਚ ਝਗੜਾ ਹੋਇਆ ਸੀ ਜਿਸ ਤੋਂ ਬਾਅਦ ਉਹ ਆਪਣੇ 12 ਸਾਲਾ ਬੱਚੇ ਨਾਲ ਇਸ ਘਰ ਪਹੁੰਚੇ ਸਨ ਜਿੱਥੇ ਇਹ ਕਤਲ ਕਾਂਡ ਹੋਇਆ।

ਐਟਲਾਂਟਾ 'ਚ ਭਾਰਤ ਦੇ ਕੌਂਸਲੇਟ ਜਨਰਲ ਨੇ ਇਸ ਦੁਖਦਾਈ ਘਟਨਾ 'ਤੇ ਡੂੰਘੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਹੈ। ਸੋਸ਼ਲ ਮੀਡੀਆ ਪਲੈਟਫ਼ੌਰਮ X 'ਤੇ ਇੱਕ ਪੋਸਟ 'ਚ ਕੌਂਸਲੇਟ ਨੇ ਕਿਹਾ ਕਿ ਉਹ ਪੀੜਤ ਪਰਿਵਾਰ ਦੇ ਸੰਪਰਕ 'ਚ ਹਨ ਅਤੇ ਉਨ੍ਹਾਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ। ਬੱਚਿਆਂ ਨੂੰ ਫ਼ਿਲਹਾਲ ਇੱਕ ਪਰਿਵਾਰਕ ਮੈਂਬਰ ਦੀ ਦੇਖਭਾਲ 'ਚ ਭੇਜ ਦਿੱਤਾ ਗਿਆ ਹੈ।

ਇੰਡੀਅਨ ਵੀਜ਼ਾ OCI & Passport Renewal 514-389-7070
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100
ਇੰਡੀਅਨ ਵੀਜ਼ਾ OCI & Passport Renewal 514-389-7070
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
ਲੀਗਲ ਸੇਵਾਵਾਂ 905-913-2355
Line of Credit Fix Bad Credit Get OSAP Loan 905-965-4644
ਵਕੀਲ ਦੀ ਲੋੜ ? 905-362-0755

Spain ਲੱਖਾਂ ਲੋਕਾਂ ਨੂੰ ਦੇਵੇਗਾ Legal Status

ਪਹਿਲੇ ਸਫ਼ੇ ਦੀ ਬਾਕੀ

Spain 'ਚ ਰਹਿੰਦੇ ਕਈ ਪੰਜਾਬੀ ਨੌਜਵਾਨਾਂ ਨੇ **Ajit Weekly** ਨਾਲ ਗੱਲਬਾਤ 'ਚ ਦੱਸਿਆ ਕਿ ਸਾਨੂੰ ਨਾ ਨਵਾਂ ਪਾਸਪੋਰਟ ਮਿਲ ਰਿਹਾ ਹੈ, ਨਾ ਰੀਨਿਊ ਹੋ ਰਿਹਾ ਹੈ। ਬਿਨਾਂ ਪਾਸਪੋਰਟ ਅਸੀਂ ਸਪੇਨ ਦੇ ਨਵੇਂ ਕਾਨੂੰਨ ਹੇਠ ਪੇਪਰਾਂ ਲਈ ਅਰਜ਼ੀ ਨਹੀਂ ਦੇ ਸਕਦੇ। ਦੂਤਾਵਾਸ ਅਧਿਕਾਰੀਆਂ ਦਾ ਰਵੱਈਆ ਮਤਰੇਈ ਮਾਂ ਵਰਗਾ ਮਹਿਸੂਸ ਹੋ ਰਿਹਾ ਹੈ।

ਨਾਂ ਪਿੱਛੇ ਸਿੰਘ ਹੋਣ ਕਰ ਕੇ ਪੇਸ਼ ਆ ਰਹੀ ਮੁਸ਼ਕਿਲ: ਨੌਜਵਾਨਾਂ ਦਾ ਦੋਸ਼ ਹੈ ਕਿ ਖ਼ਾਸ ਕਰ ਕੇ ਸਿੰਘ ਨਾਂ ਵਾਲੇ ਪਾਸਪੋਰਟ ਧਾਰਕਾਂ ਨਾਲ ਦੂਤਾਵਾਸ ਵਲੋਂ ਸਖ਼ਤ ਰਵੱਈਆ ਅਪਨਾਇਆ ਜਾ ਰਿਹਾ ਹੈ, ਅਤੇ ਕਈ ਕੇਸਾਂ 'ਚ ਸਿੱਧਾ ਇਨਕਾਰ ਕਰ ਦਿੱਤਾ ਜਾਂਦਾ ਹੈ। ਸੂਤਰਾਂ ਅਨੁਸਾਰ ਕੁੱਝ ਸਾਲ ਪਹਿਲਾਂ ਦੂਤਾਵਾਸ 'ਚ ਰਿਸ਼ਵਤ ਲੈ ਕੇ ਪਾਸਪੋਰਟ ਬਣਾਉਣ ਦੇ ਮਾਮਲੇ ਸਾਹਮਣੇ ਆਏ ਸਨ ਜਿਸ ਤੋਂ ਬਾਅਦ ਸਿਸਟਮ ਨੂੰ ਇੰਨਾ ਸਖ਼ਤ ਕਰ ਦਿੱਤਾ ਗਿਆ ਕਿ ਹੁਣ ਉਸ ਦੀ ਮਾਰ ਅਸਲੀ ਅਤੇ ਹੱਕਦਾਰ ਭਾਰਤੀ ਨਾਗਰਿਕਾਂ ਨੂੰ ਭੁਗਤਣੀ ਪੈ ਰਹੀ ਹੈ। ਪਾਸਪੋਰਟ ਨਾ ਹੋਣ ਕਾਰਨ ਇਹ ਮੌਕਾ ਹੱਥੋਂ ਨਿਕਲਦਾ ਦਿਸ ਰਿਹਾ ਹੈ। ਸਪੇਨ 'ਚ ਰਹਿੰਦੇ ਭਾਰਤੀਆਂ ਦਾ ਕਹਿਣਾ ਹੈ ਕਿ ਕੁੱਝ ਹੋਰ ਦੇਸ਼ਾਂ ਦੇ ਦੂਤਾਵਾਸ ਤਾਂ ਐਮਰਜੈਂਸੀ ਹਾਲਾਤਾਂ 'ਚ ਰਾਤ ਦੇ ਸਮੇਂ ਵੀ ਟ੍ਰੈਵਲ ਡੌਕੂਮੈਂਟ ਜਾਰੀ ਕਰ ਰਹੇ ਹਨ, ਪਰ ਭਾਰਤੀ ਦੂਤਾਵਾਸ ਦੀ ਕਾਰਗੁਜ਼ਾਰੀ ਇਸ ਦੇ ਬਿਲਕੁਲ ਉਲਟ ਹੈ।

ਕਿਸ ਨੂੰ ਹੋਵੇਗਾ ਫ਼ਾਇਦਾ ? **Spain** ਦੀ ਪਰਵਾਸ ਮੰਤਰੀ ਐਲਮਾ ਸਾਈਜ਼ ਨੇ ਦੱਸਿਆ ਕਿ **Spain** ਦੀ ਸਰਕਾਰ ਇੱਕ ਵਿਸ਼ੇਸ਼ ਔਰਡੀਨੈਂਸ ਰਾਹੀਂ ਕਾਨੂੰਨ 'ਚ ਬਦਲਾਅ ਕਰ ਰਹੀ ਹੈ। ਇਸ ਦੇ ਮੁੱਖ ਨੁਕਤੇ ਇਸ ਤਰ੍ਹਾਂ ਹਨ।

ਰਿਹਾਇਸ਼: ਉਹ ਪਰਵਾਸੀ ਜੋ 31 ਦਸੰਬਰ 2025 ਤੋਂ ਪਹਿਲਾਂ ਸਪੇਨ ਆਏ ਹਨ। **ਸਬੂਤ:** ਜਿਨ੍ਹਾਂ ਕੋਲ ਘੱਟੋ-ਘੱਟ ਪੰਜ ਮਹੀਨਿਆਂ ਤੋਂ **Spain** 'ਚ ਰਹਿਣ ਦਾ ਸਬੂਤ ਹੈ। **ਸਾਫ਼ ਰੈਕਰਡ:** ਬ